**Washington Exposure Notifications (ਵਾਸ਼ਿੰਗਟਨ ਐਕਸਪੋਜ਼ਰ ਨੋਟੀਫਿਕੇਸ਼ਨਾਂ) ਕੀ ਹਨ?**

Washington Exposure Notifications (ਜਿਸ ਨੂੰ WA Notify (WA ਨੋਟੀਫਾਈ) ਵੀ ਕਿਹਾ ਜਾਂਦਾ ਹੈ) ਇੱਕ ਨਵਾਂ ਟੂਲ ਹੈ ਜੋ ਕਿਸੇ ਵੀ ਨਿੱਜੀ ਜਾਣਕਾਰੀ ਨੂੰ ਸਾਂਝਾ ਕੀਤੇ ਬਿਨਾਂ, ਸਮਾਰਟਫੋਨਾਂ ਦੇ ਰਾਹੀਂ ਵਰਤੋਂਕਾਰਾਂ ਨੂੰ ਇਸ ਸੂਚਿਤ ਕਰਨ ਲਈ ਕੰਮ ਕਰਦਾ ਹੈ ਜੇਕਰ ਉਹ ਕੋਵਿਡ-19 ਦੇ ਸੰਪਰਕ ਵਿੱਚ ਆਏ ਹਨ। ਇਹ ਪੂਰੀ ਤਰ੍ਹਾਂ ਗੁਪਤ ਹੈ, ਅਤੇ ਤੁਸੀਂ ਕੌਣ ਹੋ ਜਾਂ ਕਿੱਥੇ ਜਾਂਦੇ ਹੋ, ਇਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਜਾਂ ਨਹੀਂ ਹੀ ਇਹ ਕੁਝ ਟ੍ਰੈਕ ਕਰਦਾ ਹੈ।

**ਇਹ ਕਿਵੇਂ ਕੰਮ ਕਰਦਾ ਹੈ?**

ਜਦੋਂ ਤੁਸੀਂ WA Notify ਨੂੰ ਚਾਲੂ ਕਰਦੇ ਹੋ, ਤਾਂ ਤੁਹਾਡਾ ਫੋਨ ਤੁਹਾਡੇ ਨਜ਼ਦੀਕ ਦੇ ਉਹਨਾਂ ਲੋਕਾਂ ਦੇ ਫੋਨਾਂ ਦੇ ਨਾਲ ਬੇਤਰਤੀਬੇ, ਅਨਾਮ ਕੋਡਾਂ ਦੀ ਅਦਲਾ- ਬਦਲੀ ਕਰਦਾ ਹੈ, ਜਿੰਨ੍ਹਾਂ ਨੇ ਵੀ WA Notify ਨੂੰ ਚਾਲੂ ਕੀਤਾ ਹੈ। ਐਪ ਤੁਹਾਡੇ ਬਾਰੇ ਕਿਸੇ ਜਾਣਕਾਰੀ ਦਾ ਖੁਲਾਸਾ ਕੀਤੇ ਬਿਨਾਂ ਇਹਨਾਂ ਬੇਤਰਤੀਬੇ ਕੋਡਾਂ ਦੀ ਅਦਲਾ-ਬਦਲੀ ਕਰਨ ਲਈ Bluetooth Low Energy (ਬਲੂਟੁੱਥ ਲੋ ਐਨਰਜੀ) (BLE) ਟੈਕਨਾਲੋਜੀ ਦੀ ਵਰਤੋਂ ਕਰਦੀ ਹੈ। ਜੇਕਰ ਕਿਸੇ ਹੋਰ WA Notify ਵਰਤੋਂਕਾਰ ਜਿਸ ਦੇ ਤੁਸੀਂ ਪਿਛਲੇ ਦੋ ਹਫ਼ਤਿਆਂ ਤੋਂ ਕਰੀਬ ਰਹੇ ਹੋ, ਉਹ ਬਾਅਦ ਵਿੱਚ ਕੋਵਿਡ-19 ਲਈ ਪਾਜ਼ਿਟਿਵ ਟੈਸਟ ਕਰਦਾ ਹੈ ਅਤੇ ਆਪਣਾ ਵੈਰੀਫਿਕੇਸ਼ਨ ਕੋਡ ਐਪ ਵਿੱਚ ਜੋੜਦਾ ਹੈ, ਤਾਂ ਤੁਹਾਨੂੰ ਇੱਕ ਅਨਾਮ ਨੋਟੀਫਿਕੇਸ਼ਨ ਮਿਲੇਗੀ ਕਿ ਤੁਸੀਂ ਸੰਭਵ ਤੌਰ 'ਤੇ ਸੰਪਰਕ ਵਿੱਚ ਆਏ ਸੀ। ਇਸ ਨਾਲ ਤੁਸੀਂ ਜੋ ਦੇਖਭਾਲ ਲੈਣੀ ਹੈ ਉਹ ਜਲਦੀ ਲੈ ਪਾਉਂਦੇ ਹੋ, ਅਤੇ ਇਹ ਤੁਹਾਨੂੰ ਤੁਹਾਡੇ ਆਲੇ-ਦੁਆਲੇ ਦੇ ਹੋਰਨਾਂ ਲੋਕਾਂ ਵਿੱਚ ਕੋਵਿਡ-19 ਫੈਲਾਉਣ ਤੋਂ ਰੋਕਣ ਵਿੱਚ ਮਦਦ ਕਰਦੀ ਹੈ।

**ਇਹ ਕਿਵੇਂ ਮਦਦ ਕਰੇਗੀ?**

ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਜਿੰਨੇਂ ਵਧੇਰੇ ਲੋਕ ਐਕਸਪੋਜ਼ਰ ਨੋਟੀਫਿਕੇਸ਼ਨ ਦੀ ਵਰਤੋਂ ਕਰਦੇ ਹਨ, ਓਨਾਂ ਹੀ ਵਧੇਰਾ ਫਾਇਦਾ ਹੋਵੇਗਾ। ਵਾਸ਼ਿੰਗਟਨ ਰਾਜ ਵਿਚਲੀਆਂ ਤਿੰਨ ਕਾਉਂਟੀਆਂ 'ਤੇ ਅਧਾਰਤ ਮਾਡਲ ਦਿਖਾਉਂਦੇ ਹਨ ਕਿ ਉੱਥੇ WA Notify ਵਰਤਣ ਵਾਲੇ ਥੋੜ੍ਹੇ ਲੋਕਾਂ ਨਾਲ ਵੀ ਇਨਫੈਕਸ਼ਨ ਅਤੇ ਮੌਤਾਂ ਘਟ ਜਾਣਗੀਆਂ। ਬਿਲਕੁਲ ਮਾਸਕ ਪਹਿਨਣ, ਸਰੁਰਕ ਦੂਰੀ ਬਣਾਏ ਰੱਖਣ ਅਤੇ ਇਕੱਠਾਂ ਨੂੰ ਛੋਟੇ ਰੱਖਣ ਵਾਂਗ, WA Notify COVID-19 ਦੇ ਫੈਲਾਅ ਨੂੰ ਰੋਕਣ ਵਿੱਚ ਮਦਦ ਕਰਨ ਵਾਲਾ ਇੱਕ ਹੋਰ ਟੂਲ ਹੈ।

**ਮੇਰੀ ਗੁਪਤਤਾ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ?**

WA Notify ਗੂਗਲ ਐਪਲ ਐਕਸਪੋਜ਼ਰ ਨੋਟੀਫਿਕੇਸ਼ਨ ਟੈਕਨਾਲੋਜੀ 'ਤੇ ਅਧਾਰਤ ਹੈ, ਜਿਸ ਨੂੰ ਵਰਤੋਂਕਾਰ ਗੁਪਤਤਾ ਨੂੰ ਸੁਰੱਖਅਤ ਰੱਖਣ ਲਈ ਤਿਆਰ ਕੀਤਾ ਗਿਆ ਸੀ। ਸਿਸਟਮ ਕਦੇ ਵੀ ਕਿਸੇ ਲੋਕੇਸ਼ਨ ਡੇਟਾ ਜਾਂ ਨਿੱਜੀ ਜਾਣਕਾਰੀ ਨੂੰ ਇਕੱਤਰ ਨਹੀਂ ਕਰਦਾ ਅਤੇ ਨਾ ਹੀ ਗੂਗਲ, ਐਪਲ, ਵਾਸ਼ਿੰਗਟਨ ਰਾਜ Department of Health (ਸਿਹਤ ਵਿਭਾਗ) (DOH), ਜਾਂ ਹੋਰਨਾਂ ਵਰਤੋਂਕਾਰਾਂ ਦੇ ਨਾਲ ਸਾਂਝਾ ਕਰਦਾ ਹੈ। ਭਾਗੀਦਾਰੀ ਪੂਰੀ ਤਰ੍ਹਾਂ ਸਵੈ-ਇੱਛਤ ਹੈ। ਵਰਤੋਂਕ ਾਰ ਕਿਸੇ ਵੀ ਸਮੇਂ ਔਪਟ-ਇਨ ਜਾਂ ਔਪਟ-ਆਉਟ ਕਰ ਸਕਦੇ ਹਨ।

**ਮੈਂ** WA Notify **ਨੂੰ ਆਪਣੇ ਫੋਨ 'ਤੇ ਕਿਵੇਂ ਪਾਵਾਂ?**

| **iPhone (ਆਈਫੋਨ) 'ਤੇ**, ਸੈਟਿੰਗਾਂ ਵਿੱਚ ਐਕਪੋਜ਼ਰ ਨੋਟੀਫਿਕੇਸ਼ਨਾਂ ਨੂੰ ਚਾਲੂ ਕਰੋ: | **ਐਂਡਰਾਇਡ ਫੋਨ 'ਤੇ:** |
|---|---|
| - ਸੈਟਿੰਗਾਂ ਵਿੱਚ ਜਾਓ<br>- ਐਕਸਪੋਜ਼ਰ ਨੋਟੀਫਿਕੇਸ਼ਨਾਂ ਤੱਕ ਸਕ੍ਰੋਲ ਡਾਉਨ ਕਰੋ<br>- "ਐਕਸਪੋਜ਼ਰ ਨੋਟੀਫਿਕੇਸ਼ਨਾਂ ਚਾਲੂ ਕਰੋ" 'ਤੇ ਕਲਿੱਕ ਕਰੋ<br>- ਸੰਯੁਕਤ ਰਾਸ਼ਟਰ ਚੁਣੋ<br>- ਵਾਸ਼ਿੰਗਟਨ ਚੁਣੋ | - ਗੂਗਲ ਪਲੇ ਸਟੋਰ 'ਤੇ ਜਾਓ<br>- Washington Exposure Notifications ਐਪ ਡਾਊਨਲੋਡ ਕਰੋ |

**ਵਾਸ਼ਿੰਗਟਨ ਨੇ ਇਸ ਹੱਲ ਨੂੰ ਕਿਉਂ ਚੁਣਿਆ?**

ਵਾਸ਼ਿੰਗਟਨ ਨੇ ਐਪਲ/ਗੂਗਲ ਹੱਲ ਦੀ ਸਮੀਖਿਆ ਕਰਨ ਲਈ, ਇੱਕ ਰਾਜ ਨਿਗਰਾਨੀ ਸਮੂਹ ਬਣਾਇਆ, ਜਿਸ ਵਿੱਚ ਸੁਰੱਖਿਆ ਅਤੇ ਨਾਗਰਿਕ ਆਜ਼ਾਦੀਆਂ ਦੇ ਮਾਹਰ ਅਤੇ ਕਈ ਭਾਈਚਾਰਿਆਂ ਦੇ ਮੈਂਬਰ ਸ਼ਾਮਲ ਸਨ। ਸਮੂਹ ਨੇ ਮੰਚ ਦੀ ਪ੍ਰਮਾਣਿਤ ਭਰੋਸੇਯੋਗਤਾ, ਠੋਸ ਡੇਟਾ ਸੁਰੱਖਿਆ ਅਤੇ ਹੋਰਨਾਂ ਰਾਜਾਂ ਦੇ ਵੱਲੋਂ ਵਰਤੋਂ ਦੇ ਅਧਾਰ 'ਤੇ ਅਡਾਪਸ਼ਨ ਦੀ ਸਿਫਾਰਿਸ਼ ਕੀਤੀ।